# Senior Officials' India-France-Australia Trilateral Dialogue

February 24, 2021

# ਭਾਰਤ-ਫਰਾਂਸ-ਆਸਟਰੇਲੀਆ ਦੇ ਸੀਨੀਅਰ ਅਧਿਕਾਰਿਆਂ ਦੀ ਤਿਕੋਣੀ ਗੱਲਬਾਤ'

24 ਫਰਵਰੀ, 2021

ਅੱਜ ਭਾਰਤ-ਫਰਾਂਸ-ਆਸਟਰੇਲੀਆ ਦੇ ਸੀਨੀਅਰ ਅਧਿਕਾਰਿਆਂ ਦੀ ਤਿਕੋਣੀ ਬੈਠਕ ਹੋਈ। ਭਾਰਤੀ ਪੱਖ ਦੀ ਅਗਵਾਈ ਸਾਂਝਾ ਸਕੱਤਰ (ਪੱਛਮੀ ਯੂਰੋਪ) ਸ੍ਰੀ ਸੰਦੀਪ ਚੱਕਰਵਰਤੀ ਨੇ ਕੀਤੀ ਜਦਕਿ ਫਰਾਂਸੀਸੀ ਪੱਖ ਦੀ ਅਗਵਾਈ ਡਾਇਰੈਕਟਰ (ਏਸ਼ੀਆ ਅਤੇ ਓਸ਼ੇਨੀਆ) ਸ੍ਰੀ ਬਰਟਰੈਂਡ ਲੋਰਥੋਲਰੀ ਨੇ ਕੀਤੀ ਅਤੇ ਆਸਟਰੇਲੀਆਈ ਪੱਖ ਦੀ ਅਗਵਾਈ ਫਰਸਟ ਸਹਾਇਕ ਸਕੱਤਰ (ਉੱਤਰੀ ਅਤੇ ਦੱਖਣੀ ਏਸ਼ੀਆ ਡਿਵੀਜ਼ਨ) ਸ੍ਰੀ ਗੈਰੀ ਕੋਵਾਨ ਅਤੇ ਫਰਸਟ ਸਹਾਇਕ ਸਕੱਤਰ (ਯੂਰੋਪ ਅਤੇ ਲਾਤੀਨੀ ਅਮਰੀਕਾ ਡਿਵੀਜ਼ਨ) ਸ੍ਰੀ ਜੋਨ ਗੇਅਰਿੰਗ ਨੇ ਕੀਤੀ।

ਤਿੰਨਾਂ ਪੱਖਾਂ ਨੇ ਸਤੰਬਰ, 2020 ਵਿੱਚ ਹੋਈ ਵਿਦੇਸ਼ ਸਕੱਤਰ ਪੱਧਰ ਦੀ ਤਿਕੋਣੀ ਗੱਲਬਾਤ ਦੇ ਸਿੱਟਿਆਂ ਬਾਰੇ ਹੋਈ ਤਰੱਕੀ ਦਾ ਜਾਇਜ਼ਾ ਲਿਆ, ਜਿਸ ਵਿਚ ਸਮੁੰਦਰੀ ਸੁਰੱਖਿਆ, ਮਨੁੱਖੀ ਸਹਾਇਤਾ ਅਤੇ ਆਫ਼ਤ ਰਾਹਤ (HDR), ਨੀਲੀ ਆਰਥਿਕਤਾ, ਸਮੁੰਦਰੀ ਗਲੋਬਲ ਕਾਮਨਜ਼ ਦੀ ਹਿਫਾਜ਼ਤ, ਗੈਰ ਕਾਨੂੰਨੀ, ਗੈਰ- ਨਿਯਮਿਤ ਅਤੇ ਅਨਰਿਪੋਰਟੇਡ (IUU) ਫਿਸ਼ਿੰਗ ਅਤੇ ਬਹੁਪੱਖੀ ਮੰਚਾਂ 'ਤੇ ਸਹਿਯੋਗ ਸ਼ਾਮਲ ਸੀ। ਉਨ੍ਹਾਂ ਨੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਦੁਵੱਲੇ ਸਹਿਯੋਗ ਨੂੰ ਹੋਰ ਵਧਾਉਣ ਲਈ ਚੁੱਕੇ ਜਾਣ ਵਾਲੇ ਅਗਲੇ ਕਦਮਾਂ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ।

ਨਵੀਂ ਦਿੱਲੀ
24 ਫਰਵਰੀ, 2021

DISCLAIMER: This is an approximate translation. The original is available in English on MEA's website and may be referred to as the official press release.